# ਗੁਰੂ-ਰੱਬੀ ਪ੍ਰਕਾਸ਼

ਗੁਰੂ ਸ਼ਬਦ ਭਾਰਤ ਵਿੱਚ ਐਨਾ ਲੋਕ-ਪ੍ਰਿਅ ਹੈ ਕਿ ਸਿੱਖ ਧਰਮ ਵਿੱਚ ਗੁਰੂ ਦੇ ਮੂਲਕ ਸੰਕਲਪ ਨੂੰ ਸਮਝਣ ਵਾਸਤੇ ਸਾਨੂੰ ਪਹਿਲਾਂ ਆਪਣੇ ਮਨ ਵਿਚੋਂ ਗੁਰੂ ਸਬੰਧੀ ਪ੍ਰਚਲਤ ਵਿਚਾਰ ਪੂਰੀ ਤਰ੍ਹਾਂ ਕੱਢਣਾ ਪਵੇਗਾ। ਲੋਕ ਪ੍ਰਿਅ ਸ਼ਬਦ ''ਗੁਰੂ'' ਕਈ ਵਾਰ ਇਕ ਬ੍ਰਾਹਮਣ, ਇੱਕ ਯੋਗਾ ਅਧਿਆਪਕ ਜਾਂ ਇਕ ਰਾਹਬਰ ਵਾਸਤੇ ਵਰਤੇ ਜਾਣ ਕਰਕੇ ਗੁਰੂ ਪਦਵੀ ਨੂੰ ਐਨਾ ਸਸਤਾ ਬਣਾ ਦਿਤਾ ਹੈ ਕਿ ਇਕ ਵਿਦਵਾਨ ਅਜੇਹੇ ਗੁਰੂਆਂ ਨੂੰ ਦੀਵਿਆਂ ਦੀਆਂ ਬੱਤੀਆਂ, ਜੋ ਦੀਵਿਆਂ ਦੇ ਬੁਝਣ ਪਿਛੋਂ ਬਦਬੂ ਦਿੰਦੀਆਂ ਹਨ, ਕਹਿ ਰਿਹਾ ਹੈ।

ਸਿੱਖ ਧਰਮ ਵਿੱਚ ਗੁਰੂ ਸ਼ਬਦ ਇਕ ਅਧਿਆਪਕ ਜਾਂ ਰਾਹਬਰ, ਜਾਂ ਵਿਸ਼ੇਸ਼ਤਾ ਜਾਂ ਮਨੁਖੀ ਸਰੀਰ ਵਾਸਤੇ ਵੀ ਨਹੀਂ ਵਰਤਿਆ ਜਾਂਦਾ। ਗੁਰੂ ਸ਼ਬਦ ਦੋ ਪਦਾਂ ਤੋਂ ਬਣਿਆ ਹੈ:

ਗੁ- ਭਾਵ, ਅੰਧਕਾਰ, ਹਨੇਰਾ;

ਅਤੇ ਰੂ- ਭਾਵ, ਪ੍ਰਕਾਸ਼, ਚਾਨਣ।

ਇਸ ਤਰ੍ਹਾਂ ਸਿੱਖ ਧਰਮ ਵਿੱਚ ''ਗੁਰੂ'' ਸ਼ਬਦ ਤੋਂ ਭਾਵ ਉਹ ਪ੍ਰਕਾਸ਼ ਹੈ ਜੋ ਸਾਰੇ ਅੰਧੇਰੇ ਨੂੰ ਦੂਰ ਕਰਦਾ ਹੈ ਅਤੇ ਜਿਸਨੂੰ ਜੋਤਿ (ਰੱਬੀ ਪ੍ਰਕਾਸ਼) ਕਿਹਾ ਹੈ। ਜਦੋਂ ਇਹ ਸ੍ਰਿਸਟੀ ਅਜੇ ਸਾਜੀ ਨਹੀਂ ਸੀ ਤਾਂ ਵਾਹਿਗੁਰੂ ਨਿਰੰਕਾਰ ਉਫਰ ਸਮਾਧੀ ਵਿੱਚ ਇਕੱਲਾ ਬੈਠਾ ਸੀ। ਉਹ ਹੈ ਗੁਰੂ ਜਿਸ ਨੂੰ ਸਿੱਖ ਧਰਮ ਵਿੱਚ ਗੁਰੂ ਕਿਹਾ ਹੈ। ਹਜ਼ੂਰ ਫਰਮਾਉਂਦੇ ਹਨ ਕਿ ਗੁਰੂ ਦੀ ਮਹਿਮਾ ਮੈਂ ਕੀ ਕਹਾਂ, ਗੁਰੂ, ਗਿਆਨ ਦਾ ਸਚਾ ਸਰੋਵਰ ਹੈ, ਉਹ ਮੁਢ ਤੋਂ ਤੇ ਜੁਗਾਂ ਦੇ ਆਦਿ ਤੋਂ ਤੇ ਸਦਾ ਸਦਾ ਅਗੋਂ ਲਈ ਭੀ ਪੂਰਾ ਪਰਮੇਸ਼ਰ ਹੈ:

''ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ।

ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ।''

(ਆਸਾ ਮ:੫ਅ ਪੰਨਾ ੩੯੭)

ਗੁਰੂ ਕੇਵਲ ਪਾਰਬ੍ਰਹਮ ਪਰਮੇਸਰ ਆਪ ਹੀ ਹੈ। ਹੋਰ ਕੋਈ ਨਹੀਂ। ਐਸੇ ਗੁਰੂ ਨੂੰ ਅੱਠੇ ਪਹਿਰ ਜਪ:

''ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ। ਆਠ ਪਹਰ ਨਾਨਕ ਗੁਰ ਜਾਪਿ।''

(ਆਸਾ ਮ:੫ ਪੰਨਾ ੩੮੭)

ਫੇਰ ਫਰਮਾਇਆ ਹੈ ਕਿ ਗੁਰੂ ਕੇਵਲ ਨਿਰੰਕਾਰ ਸਰਬ ਸਮਰੱਥ ਹੈ। ਉਹ ਮਨਬੁੱਧੀ ਤੋਂ ਪਰੇ ਹੈ। ਐਸੇ ਗੁਰੂ ਦੀ ਮਹਿਮਾ ਅਗੱਮ ਹੈ। ਕੋਈ ਕਥਤਹਾਰ ਕੀ ਕਹਿ ਸਕਦਾ ਹੈ:

''ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ।

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ।''

(ਸਿਰੀ ਰਾਗੁ ਮ:੫ ਪੰਨਾ ੫੨)

''ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।''

(ਸਲੋਕ ਮ:੧ ਪੰਨਾ ੧੩੭)

ਗੁਰੂ ਦਾਤਾ ਹੈ। ਗੁਰੂ ਸਹਿਜ ਦਾ ਘਰ ਹੈ। ਗੁਰੂ ਜੋਤਿ ਹੈ ਜੋ ਤ੍ਰੈ ਲੋਕੀ ਵਿੱਚ ਪ੍ਰਕਾਸ਼ ਹੋ ਰਹੀ ਹੈ। ਜਿਸ ਨੂੰ ਤ੍ਰੈ ਲੋਕੀ ਯਾ ਤਿਨ ਦੁਨੀਆ ਕਿਹਾ ਹੈ ਉਹ ਕਿਥੇ ਹੈ? ਇਕ ਦੁਨੀਆ ਹੈ ਜੋ ਸਾਡੇ ਤੋਂ ਉਤੇ ਹੈ ਬੇਸ਼ੁਮਾਰ ਫਾਸਲੇ ਤਕ, ਦੂਜੀ ਦੁਨੀਆ ਸਾਡੀ ਸਤਾ ਤੇ ਅਤੇ ਤੀਜੀ ਦੁਨੀਆਂ ਹੈ ਸਾਡੇ ਤੋਂ ਥਲੇ ਚਲੇ ਜਾਈਏ ਬੇਅੰਤ ਰਸਤੇ ਤੇ। ਗੁਰੂ ਇਕ ਜੋਤਿ ਹੈ ਜੋ ਤ੍ਰੈ ਦੁਨੀਆਂ ਵਿੱਚ ਪ੍ਰਕਾਸ਼ ਹੋ ਰਹੀ ਹੈ।ਉਹ ਪ੍ਰਕਾਸ਼ ਰੂਪ ਜੋਤਿ:

''ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਬਉ।''

(ਸਵਈਏ ਮਹਲੇ ਪੰਜਵੇ ਕੇ ਪੰਨਾ ੧੪੦੮)

ਸੋ ਗੁਰੂ ਨਾਨਕ ਜੀ ਰੱਬੀ ਪ੍ਰਕਾਸ਼ ਦਾ ਸਰੀਰਕ ਰੂਪ ਸਨ।

''ਗੁਰ ਨਾਨਕ ਦੇਵ ਗੋਵਿੰਦ ਰੂਪ।'' (ਬਸੰਤ ਮ:੫-ਪੰਨਾ ੧੧੯੨)

ਸਿੱਖ ਧਰਮ ਵਿੱਚ ਗੁਰੂ ਇਕ ਸੰਪੰਨ ਪੈਗੰਬਰ ਜਾਂ ਅਕਾਲ ਪੁਰਖ ਦਾ ਸੰਦੇਸ਼ ਦੇਣ ਵਾਲੇ ਸਨ ਜਿਨ੍ਹਾਂ ਵਿੱਚ ਰੱਬੀ ਪ੍ਰਕਾਸ਼ ਸਾਰੇ ਦਾ ਸਾਰਾ ਪਰਗਟ ਅਤੇ ਪੂਰਨ ਤੌਰ ਤੇ ਡਲ੍ਹਕਦਾ ਸੀ। ਗੁਰੂ ਅਕਾਲ ਪੁਰਖ ਨਾਲ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਉਹ ਸ਼ਰਧਾਲੂਆਂ ਅਤੇ ਸੱਚ ਦੀ ਭਾਲ ਕਰਨ ਵਾਲਿਆਂ ਨੂੰ ਅਧਿਆਤਮਕ ਜਨਮ ਵੱਲ ਪਾ ਦਿੰਦਾ ਹੈ। ਉਸਦੇ ਰਾਹੀਂ ਅਕਾਲ ਪੁਰਖ ਦੀ ਵਡਿਆਈ ਮਨੁੱਖ ਜਾਤੀ ਵਿੱਚ ਪ੍ਰਵੇਸ਼ ਕਰਦੀ ਹੈ। ਉਸਦੇ ਦੈਵੀ ਅਧਿਕਾਰਾਂ ਸਦਕਾ ਗੁਰੂ, ਭਾਵੇਂ ਮਨੁੱਖੀ ਸਰੀਰ ਵਿੱਚ ਹੈ, ਪਰ ਈਸ਼ਵਰੀ ਆਤਮਾ ਹੈ।

ਅਸਲ ਵਿੱਚ ਗੁਰੂ ਨਾਨਕ ਜੀ ਦਾ ਸਰੀਰ ਇੱਕ ਮੰਚ (ਪਲੇਟ ਫਾਰਮ) ਸੀ ਜਿਸਤੋਂ ਅਕਾਲ ਪੁਰਖ ਨੇ ਆਪ ਬੋਲਕੇ ਆਪਣਾ ਸੰਦੇਸ਼-ਗੁਰਬਾਣੀ- ਪ੍ਰਦਾਨ ਕੀਤਾ। ਅਕਾਲ ਪੁਰਖ ਗੁਰੂ ਨਾਨਕ ਜੀ ਰਾਹੀਂ ਆਪ ਪ੍ਰਗਟ ਹੋਇਆ।

"ਗੁਰ ਮਹਿ ਆਪੁ ਸਮੋਇ ਸ਼ਬਦੁ ਵਰਤਾਇਆ।।"

(ਵਾਰ ਮਲਾਰ ਮ:੧, ਪੰਨਾ ੧੨੭੯)

ਗੁਰਬਾਣੀ ਦਾ ਇਕ ਹੋਰ ਮਹਾਂਵਾਕ ਹੈ:-

"ਗੁਰ ਮਹਿ ਆਪੁ ਰਖਿਆ ਕਰਤਾਰੇ।।"

(ਮਾਰੂ ਮ:੧(੧੫), ਪੰਨਾ ੧੦੨੪)

ਅਕਾਲ ਪੁਰਖ ਗੁਰੂ ਵਿੱਚ ਵਸਦਾ ਹੈ ਅਤੇ ਗੁਰੂ ਅਕਾਲ ਪੁਰਖ ਵਿੱਚ। ਭਾਵੇਂ ਅਕਾਲ ਪੁਰਖ ਸਭ ਪਾਸੇ ਅਤੇ ਸਾਰੇ ਜੀਵਾਂ ਵਿੱਚ ਰਵਿਆ ਹੋਇਆ ਹੈ ਪਰ ਉਸਦੇ ਗੁਣ ਗੁਰੂ ਰਾਹੀਂ ਹੀ ਪ੍ਰਕਾਸ਼ਮਾਨ ਹੁੰਦੇ ਹਨ। ਸੋ ਗੁਰੂ ਨਾਨਕ ਜੀ ਦੇ ਸਰੀਰ ਵਿੱਚ ਜੋ ਜੋਤਿ ਸਮਾਈ ਹੋਈ ਸੀ ਅਤੇ ਅਕਾਲ ਪੁਰਖ ਦੀ ਪਰਮ ਜੋਤਿ ਇਕੋ ਹੀ ਸਨ।

"ਗੁਰੁ ਨਾਨਕੁ ਨਾਨਕੁ ਹਰਿ ਸੋਇ।।"

(ਗੋਂਡ ਮ:੫, ਪੰਨਾ ੮੬੫)

ਫਿਰ ਜਨਮ ਸਾਖੀਆਂ ਦਸਦੀਆਂ ਹਨ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਜੀ ਨਾਲ ਬਚਨ ਕੀਤਾ ਅਤੇ ਕਿਹਾ :-

"ਮੈਂ ਆਦਿ ਪ੍ਰਮੇਸ਼ਰ ਔਰ ਤੂੰ ਗੁਰੂ ਪ੍ਰਮੇਸ਼ਰ।।"

ਗੁਰੂ ਨਾਨਕ ਜੀ ਨੇ ਕਦੀ ਇਹ ਦਾਅਵਾ ਨਹੀਂ ਕੀਤਾ ਕਿ ਮੇਰੇ ਸ਼ਰਧਾਲੂ ਜਾਂ ਅਨੁਯਾਈ ਹੀ ਮੁਕਤੀ ਪਾ ਸਕਦੇ ਹਨ ਜਾਂ ਸਵਰਗ ਜਾ ਸਕਦੇ ਹਨ। ਕਿਉਂਕਿ ਉਹ ਰੱਬੀ ਪ੍ਰਕਾਸ਼ ਦਾ ਸਰੂਪ ਸਨ ਅਤੇ ਰੱਬੀ ਪ੍ਰਕਾਸ਼ ਕਿਸੇ ਇਕ ਖਾਸ ਫਿਰਕੇ ਜਾਂ ਧਰਮ ਦੀ ਮਿਲਖ ਨਹੀਂ ਹੁੰਦਾ, ਸੋ ਗੁਰੂ ਜੀ ਸਮੂਹ ਮਨੁਖ ਜਾਤੀ ਲਈ ਜ਼ਾਮਨੀ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਜੋ ਵੀ ਇਕ ਨਿਰੰਕਾਰ ਅਕਾਲ ਪੁਰਖ ਦਾ ਸਿਮਰਨ ਕਰੇਗਾ ਉਹ ਮੁਕਤੀ ਪਾਵੇਗਾ।

"ਜੋ ਜੋ ਜਪੈ ਸੁ ਹੋਇ ਪੁਨੀਤ।
ਭਗਤਿ ਭਾਇ ਲਾਵੈ ਮਨ ਹੀਤ।

(ਗਉੜੀ ਸੁਖਮਨੀ ਮ:੫, ਪੰਨਾ ੨੯੦)

ਜਦ ਗੁਰੂ ਨਾਨਕ ਜੀ ਨੇ ਗੁਰਗੱਦੀ ਭਾਈ ਲਹਿਣਾ ਜੀ (ਜੋ ਤਦ ਗੁਰੂ ਅੰਗਦ ਕਹਾਏ) ਨੂੰ ਸੌਂਪੀ, ਉਨ੍ਹਾਂ ਦੀ ਜੋਤਿ ਗੁਰੂ ਅੰਗਦ ਜੀ ਵਿੱਚ ਆ ਰਲੀ ਅਤੇ ਉਹ ਵੀ ਰੱਬੀ ਪ੍ਰਕਾਸ਼ ਦਾ ਸਰੂਪ ਹੋ ਗਏ। ਉਸ ਵੇਲੇ ਸਭ ਤੋਂ ਪਹਿਲਾਂ ਗੁਰੂ ਨਾਨਕ ਨੇ ਗੁਰੂ ਅੰਗਦ ਜੀ ਅਗੇ ਆਪ ਮਥਾ ਟੇਕਿਆ। ਗੁਰੂ ਸਾਹਿਬ ਨੇ ਮਥਾ ਕਿਸ ਨੂੰ ਟੇਕਿਆ? ਮਥਾ ਗੁਰੂ ਅੰਗਦ ਦੇਵ ਜੀ ਦੇ ਸਰੀਰ ਨੂੰ ਨਹੀਂ ਟੇਕਿਆ ਕਿਉਂਕਿ ਉਹ ਸਰੀਰ ਤਾਂ ਹਜ਼ੂਰ ਦੇ ਨਾਲ ਭਾਈ ਲਹਿਣਾ ਜੀ ਦੇ ਤੌਰ ਤੇ ਹਰ ਵੇਲੇ ਰਹਿਦਾ ਸੀ। ਅਗੇ ਕਦੇ ਮਥਾ ਨਹੀਂ ਟੇਕਿਆ ਪਰ ਅਜ ਗੁਰੂ ਨਾਨਕ ਨੇ ਮਥਾ ਕਿਉਂ ਟੇਕਿਆ? ਕਿਉਂਕਿ ਅਜ ਉਸ ਘਰ ਵਿੱਚ ਗੁਰੂ (ਜੋਤਿ) ਜਾ ਬੈਠਾ। ਮਥਾ ਗੁਰੂ ਜੋਤਿ ਨੂੰ ਟੇਕਿਆ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਅਪਣੀ ਇਲਾਹੀ ਪਾਵਰ (ਤਾਕਤ) ਨਾਲ ਪ੍ਰਕਾਸ਼ ਕੀਤੀ।ਇਸੇ ਤਰ੍ਹਾਂ ਗੁਰੂ ਨਾਨਕ ਜੀ ਤੋਂ ਪਿਛੋਂ ਦੇ ਸਭ ਨੌਂ ਗੁਰੂ ਗੁਰੂ ਨਾਨਕ ਜੋਤਿ ੧ ਦਾ ਸਰੂਪ ਸਨ। ਫਿਰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਆਦਿ ਗ੍ਰੰਥ ਸਾਹਿਬ ਨੂੰ ਥਾਪੀ ਅਤੇ ਇਹ ਵੀ ਰੱਬੀ ਪ੍ਰਕਾਸ਼ ਦਾ ਸਰੂਪ ਹੋ ਗਏ। ਤਦ ਦਸਵੇਂ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਅਗੇ ਆਪ ਮਥਾ ਟੇਕਿਆ। ਸੋ ਅਸੀਂ ਕਤਾਬ ਨੂੰ ਯਾ ਗ੍ਰੰਥ ਨੂੰ ਮੱਥਾ ਨਹੀਂ ਟੇਕਦੇ। ਮਥੱਾ ਗੁਰੂ ਨੂੰ ਟੇਕਦੇ ਹਾਂ। ਗੁਰੂ ਇਕ ਇਲਾਹੀ ਜੋਤਿ ਹੈ ਜਿਸ ਨੂੰ ਦਸਵੇਂ ਪਾਤਸ਼ਾਹ ਨੇ ਆਪਣੀ ਇਲਾਹੀ ਤਾਕਤ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਕਾਸ਼ਤ ਕੀਤਾ। ਸੋ ਗੁਰੂ ਨਾਨਕ ਜੋਤਿ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਪਤ ਅਤੇ ਸੁਰਖਿਅਤ ਕੀਤੀ ਹੋਈ ਹੈ(ਇਹ ਹੁਣ ਆਦਿ ਗ੍ਰੰਥ ਨਹੀਂ, ਗੁਰੂ ਗ੍ਰੰਥ ਸਾਹਿਬ ਹਨ) ਅਤੇ ਇਹ ਸਦਾ ਲਈ ਜੀਵਤ ਗੁਰੂ ਹਨ। **ਸਿਖਾਂ ਲਈ ਗੁਰੂ ਗ੍ਰੰਥ ਸਾਹਿਬ ਗੁਰੂ ਜੋਤਿ ਦਾ ਸਾਖਿਆਤ ਰੂਪ ਹੈ ਅਤੇ ਇਸ ਰਾਹੀਂ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਵਿੱਚ ਜੀਵਤ ਹਨ।**

ਸਿੱਖ ਧਰਮ ਮਨੁੱਖ ਦੀ ਆਤਮਾ ਨੂੰ ਮਾਇਆ (ਪਦਾਰਥਵਾਦ) ਵਿਚੋਂ ਉਪਰ ਚੁੱਕਦਾ ਹੈ। ਇਸਦਾ ਮੰਤਵ ਸ਼ੁਭ ਗੁਣਾਂ ਵਾਲਾ ਜੀਵਨ ਹੈ ਜੋ ਅੰਤ ਸਦੀਵੀ ਅਨੰਦ ਦੀ ਅਵਸਥਾ ਦੀ ਪ੍ਰਾਪਤੀ ਵੱਲ ਲੈ ਜਾਂਦਾ ਹੈ। ਗੁਰੂ ਨਾਨਕ ਜੀ ਦੀ ਗੁਰਤਾ ਦਾ ਉਦੇਸ਼ ਸੱਚੇ ਨਾਮ ਦੀ ਸਿਖਿਆ ਦੇਣੀ, ਮਨੁਖ ਜਾਤੀ ਨੂੰ ਸੰਸਾਰਕ ਜੀਵਨ ਵਿਚੋਂ ਉਪਜੇ ਦੁਖ, ਕਲੇਸ਼ ਅਤੇ ਸੰਤਾਪ ਵਿੱਚ ਡੁੱਬਣ ਤੋਂ ਬਚਾਉਣਾ ਅਤੇ ਮਨੁਖ ਆਤਮਾਵਾਂ ਨੂੰ ਇਹਨਾਂ ਦੇ ਰਚਨਹਾਰ ਅਕਾਲਪੁਰਖ ਵਿੱਚ ਮਿਲਾਉਣਾ ਅਤੇ ਇਸ ਤਰ੍ਹਾਂ ਉਹਨਾਂ ਨੂੰ ਦੁਖਾਂ ਦੇ ਸਾਰੇ ਬੰਧਨ ਤੇ ਜਾਲ ਤੋੜਕੇ ਆਵਾਗਵਨ ਦੇ ਚੱਕਰ ਵਿਚੋਂ ਨਿਸਤਾਰਾ ਦਿਵਾਉਣਾ ਸੀ। ਸਿੱਖ ਧਰਮ ਦਾ ਇਹ ਮੂਲ ਵਿਸ਼ੇਸ਼ ਗੁਣ ਹੈ।

ਕਰਮਾਂ ਅਤੇ ਪਰਾਲਬਧਵਾਦ ਦਾ ਵਿਧਾਨ ਸਿੱਖ ਧਰਮ ਦੇ ਵਿਰੁਧ ਹੈ ਕਿਉਂਕਿ ਇਹ ਸਰਬ ਸ਼ਕਤੀਮਾਨ ਅਕਾਲ ਪੁਰਖ ਦੇ ਦਿਆਲੂ ਗੁਣ ਨਾਲ ਮੇਲ ਨਹੀਂ ਖਾਂਦਾ। ਸਿੱਖ ਧਰਮ ਵਿੱਚ ਸਦੀਵੀ ਸਰਾਪੇ ਜਾਂ ਬਦਲਾ-ਲਊ ਅਕਾਲਪੁਰਖ ਦੇ ਬਣਾਏ ਅਗਨੀ ਦੇ ਟੋਏ ਜੇਹੀ ਕੋਈ ਚੀਜ਼ ਨਹੀਂ। ਗੁਰੂ ਦੀ ਮਿਹਰ ਭੂਤ ਕਾਲ ਅਤੇ ਵਰਤਮਾਨ ਵਿੱਚ ਕੀਤੇ ਹਜ਼ਾਰਾਂ ਮਾੜੇ ਕੰਮਾਂ ਦੇ ਦਾਗ ਨੂੰ ਮਿਟਾ ਦਿੰਦੀ ਹੈ। ਇਹ ਭਵਿਖਤ ਵਿੱਚ ਵੀ ਰੱਖਿਆ ਕਰਦੀ ਹੈ।

ਨਾਮ ਸਿਮਰਨ ਅਨਗਿਣਤ ਪਾਪਾਂ ਦਾ ਨਾਸ ਕਰਦਾ ਹੈ। ਅਕਾਲ ਪੁਰਖ ਦੀ ਇਲਾਹੀ ਬਾਣੀ ਰਾਹੀਂ ਸਿਫਤ ਸਾਲਾਹ ਇਕ ਪਛਤਾਉਂਦੇ ਪਾਪੀ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਇਸ ਤਰ੍ਹਾਂ ਕਰਮਾਂ ਦਾ ਸਿਧਾਂਤ ਲਾਗੂ ਨਹੀਂ ਹੁੰਦਾ। ਗੁਰੂ ਨਾਨਕ ਜੀ ਦੇ ਅਕਾਲ ਪੁਰਖ ਦੀ ਮਿਹਰ ਅਤੇ ਕਿਰਪਾ ਦੇ ਸਿਧਾਂਤ ਦਾ ਇਹੀ ਪ੍ਰਤਾਪ ਹੈ।